# ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ

ਐਸ਼ ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ
ਫੋਨ ਨੰ: 0172-5015865, ਫੈਕਸ 0172-2624687 ਈ.ਮੇਲ: dgsepunjab18@gmail.com


ਵੱਲ,

ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ
ਸਮੂਹ ਜਿਲ੍ਹਾਂ ਸਿੱਖਿਆ ਅਫਸਰ (ਸੈ.ਸਿ)/ਐ.ਸਿ, ਪੰਜਾਬ

ਮੀਮੋ ਨੰ :ਕੋਆਰਡੀਨੇਸ਼ਨ/ਰੀਵਿਊ/ਮੀਟਿੰਗ/2013/007956
ਮਿਤੀ, ਚੰਡੀਗੜ੍ਹ 23.4.2013

**ਵਿਸ਼ਾ: 6 ਅਪ੍ਰੈਲ 2013 ਨੂੰ ਮੰਡਲ ਸਿੱਖਿਆ ਅਫਸਰ ਅਤੇ ਜਿਲ੍ਹਾ ਸਿੱਖਿਆ ਅਫਸਰਾਂ ਨਾਲ ਹੋਈ ਰੀਵਿਊ ਮੀਟਿੰਗ ਦੀ ਕਾਰਵਾਈ ਬਾਰੇ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2.0 ਮਾਨਯੋਗ ਸਿੱਖਿਆ ਮੰਤਰੀ ਜੀ ਦੀ ਪ੍ਰਧਾਨਗੀ ਹੇਠ ਮਿਤੀ 6.04.2013 ਨੂੰ ਮੰਡਲ ਸਿੱਖਿਆ ਅਫਸਰ ਅਤੇ ਜਿਲ੍ਹਾ ਸਿੱਖਿਆ ਅਫਸਰਾਂ ਨਾਲ ਰੀਵਿਊ ਮੀਟਿੰਗ ਕੀਤੀ ਗਈ ਸੀ ਅਤੇ ਰੀਵਿਊ ਮੀਟਿੰਗ ਦੀ ਕਾਰਵਾਈ ਜ਼ਰੂਰੀ ਸੋਧ ਕਰਨ ਉਪਰੰਤ ਸਰਕਾਰ ਦੀ ਪ੍ਰਵਾਨਗੀ ਨਾਲ ਜਾਰੀ ਕੀਤੀ ਜਾਂਦੀ ਹੈ।

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ

ਮਾਨਯੋਗ ਸਿੱਖਿਆ ਮੰਤਰੀ ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 6 ਅਪ੍ਰੈਲ 2013 ਨੂੰ ਮੰਡਲ ਸਿੱਖਿਆ ਅਫਸਰ ਅਤੇ ਜਿਲ੍ਹਾ ਸਿੱਖਿਆ ਅਫਸਰਾਂ ਨਾਲ ਹੋਈ ਰੀਵਿਊ ਮੀਟਿੰਗ ਦੀ ਕਾਰਵਾਈ ਬਾਰੇ ।

1.0 **ਜਿਲ੍ਹਾ ਪੱਧਰ ਤੇ ਸਿੱਖਿਆ ਦਫਤਰਾਂ ਦੀ ਵੈਬਸਾਈਟ ਤਿਆਰ ਕਰਨ ਸਬੰਧੀ**

ਮੀਟਿੰਗ ਵਿੱਚ ਜਿਲ੍ਹਾ ਸਿੱਖਿਆ ਦਫ਼ਤਰ ਬਠਿੰਡਾ ਵੱਲੋਂ ਦਫਤਰ ਦੀ ਤਿਆਰ ਕੀਤੀ ਵੈਬਸਾਈਟ ਦਿਖਾਈ ਗਈ ਜਿਸ ਵਿੱਚ ਬਠਿੰਡਾ ਜਿਲੇ ਨਾਲ ਸਬੰਧਤ ਸਿੱਖਿਆ ਵਿਭਾਗ ਦੀ ਵੇਰਵੇ ਸਹਿਤ ਜਾਣਕਾਰੀ ਉਪਲਬਧ ਕਰਵਾਈ ਗਈ ਹੈ ਅਰਥਾਤ ਇਸ ਵੈਬਸਾਇਟ ਤੇ ਜਿਲ੍ਹੇ ਦੇ ਸਮੂਹ ਸਕੂਲਾਂ ਦਾ ਵੇਰਵਾ, ਅਧਿਆਪਕਾਂ ਦਾ ਵੇਰਵਾ, ਜਿਲ੍ਹੇ ਵਿੱਚ ਖਾਲੀ ਅਸਾਮੀਆਂ ਦਾ ਵੇਰਵਾ, ਅਤੇ ਇਥੋ ਤੱਕ ਕਿ ਇਸ ਵੈਬਸਾਇਟ ਅਧਿਆਪਕਾਂ ਵੱਲੋਂ ਲਏ ਜਾ ਰਹੇ ਪੀਰਿਅਡਾ ਦਾ ਵੇਰਵਾ ਵੀ ਉਪਲਬਧ ਹੈ। ਇਹ ਵੀ ਦੱਸਿਆ ਗਿਆ ਕਿ ਇਸ ਵੈਬਸਾਈਟ ਨੂੰ ਸਕੂਲ ਮੁੱਖੀਆਂ ਵੱਲੋ ਆਪਣੇ ਪੱਧਰ ਤੇ ਅਪਡੇਟ ਕੀਤਾ ਜਾਂਦਾ ਹੈ। ਬਾਕੀ ਜਿਲ੍ਹਾ ਸਿੱਖਿਆ ਅਫਸਰਾਂ ਵੱਲੋ ਅਤੇ ਮੀਟਿੰਗ ਵਿੱਚ ਮੌਜੂਦ ਅਧਿਕਾਰੀਆਂ ਵੱਲੋਂ ਜਿਲ੍ਹਾ ਸਿੱਖਿਆ ਦਫਤਰ ਬਠਿੰਡਾ ਦੇ ਇਸ ਕਦਮ ਦੀ ਬਹੁਤ ਸਲਾਘਾ ਕੀਤੀ ਗਈ। ਮਾਨਯੋਗ ਮੰਤਰੀ ਜੀ ਵੱਲੋ ਕਿਹਾ ਗਿਆ ਕਿ ਹਰ ਜਿਲ੍ਹਾ ਦਫਤਰਾਂ ਵੱਲੋਂ ਇਸ ਤਰ੍ਹਾਂ ਦੀਆਂ ਵੈਬਸਾਈਟ ਬਣਾਈਆਂ ਜਾਣ ਤਾਂ ਜੋ ਸਕੂਲਾਂ ਸਬੰਧੀ ਜਿਲੇ ਦੀ ਸਮੁਚੀ ਜਾਣਕਾਰੀ ਵੈਬਸਾਈਟ ਤੇ ਉਪਲਬਧ ਹੋ ਸਕੇ।

2.0 **ਸਾਇੰਸ ਗਰੁਪ ਸਬੰਧੀ**

ਮਾਨਯੋਗ ਮੰਤਰੀ ਜੀ ਵੱਲੋਂ ਕਿਹਾ ਗਿਆ ਕਿ ਹਰ ਪੰਜ ਸੱਤ ਪਿੰਡਾਂ ਦੇ ਦਰਮਿਆਨ ਇੱਕ ਸਕੂਲ ਅਜਿਹਾ ਚੁਣਿਆ ਜਾਵੇ ਜਿਥੇ ਸਾਇੰਸ ਗਰੁੱਪ ਸਥਾਪਤ ਕੀਤਾ ਜਾਵੇ ਅਤੇ ਜਿਥੇ ਹਰ ਕਿਸ਼ਮ ਦੇ ਸਾਇੰਸ ਦੇ ਉਪਕਰਨ ਅਤੇ ਹੋਰ ਸਾਰੀਆਂ ਸਹੂਲਤਾ ਉਪਲਬਧ ਹੋਣ ਅਤੇ ਉਥੇ ਸਾਇੰਸ ਗਰੁਪ ਨੂੰ ਚਲਾਉਣ ਲਈ ਸਬੰਧਤ ਵਿਸ਼ੇ ਦੇ ਅਧਿਆਪਕ ਵੀ ਹੋਣ। ਇਹ ਵੀ ਵਿਚਾਰ ਵਟਾਂਦਰਾ ਕੀਤਾ ਗਿਆ ਕਿ ਸਾਇੰਸ ਵਿਸ਼ੇ ਵਿੱਚ ਵਿਦਿਆਰਥੀਆਂ ਦੇ ਦਾਖਲੇ ਅਜਿਹੇ ਸਕੂਲਾਂ ਵਿੱਚ ਕੀਤੇ ਜਾਣ ਤਾਂ ਜੋ ਵਿਦਿਆਰਥੀਆਂ ਦੀ ਸਾਇੰਸ ਦੀ ਪੜ੍ਹਾਈ ਲਈ ਯੋਗ ਮਾਹੌਲ ਸਿਰਜਿਆ ਜਾ ਸਕੇ।

3.0 **ਸਲਾਨਾ ਵਿਦਿਅਕ ਕਲੰਡਰ 2013-14 ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਕਲਾਸਾ ਲਈ**

ਸਾਲ 2013-14 ਵਿੱਚ ਵਿਦਿਆਰਥੀਆਂ ਦੇ ਸਰਵ ਪੱਖੀ ਵਿਕਾਸ ਲਈ ਵਿੱਦਿਅਕ ਅਤੇ ਸਹਿ ਵਿੱਦਿਅਕ ਕਿਰਿਆਵਾ ਜਰੂਰੀ ਹਨ, ਇਨ੍ਹਾਂ ਗਤੀਵਿਧੀਆਂ ਨੂੰ ਸਕੂਲ ਦੇ ਰੈਗੂਲਰ ਪਾਠਕ੍ਰਮ ਦਾ ਹਿੱਸਾ ਬਣਾਉਣ ਲਈ ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋ ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਸਕੂਲਾਂ ਲਈ ਸਲਾਨਾ ਵਿਦਿਅਕ ਕਲੰਡਰ ਤਿਆਰ ਕੀਤਾ ਗਿਆ ਹੈ, ਜਿਸ ਦਾ ਉਦਘਾਟਨ ਮਾਨਯੋਗ ਸਿੱਖਿਆ ਮੰਤਰੀ ਜੀ ਵੱਲੋ ਕੀਤਾ ਗਿਆ, ਇਹ ਕਲੰਡਰ ਰਾਜ ਦੇ ਸਮੂਹ ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਸਕੂਲਾਂ ਨੂੰ ਜਲਦ ਹੀ ਮੁਹਇਆ ਕਰਵਾਏ ਜਾ ਰਹੇ ਹਨ। ਇਸ ਸਬੰਧੀ ਸਮੂਹ ਡੀ.ਆਰ.ਪੀ ਅਤੇ ਬੀ.ਆਰ.ਪੀ (ਟੈਕਸ ਬੁਕਸ) ਨੂੰ ਹਦਾਇਤਾਂ ਜਾ ਕਰ ਦਿੱਤੀਆਂ ਗਈਆਂ ਹਨ ਕਿ ਇਹ ਕਲੰਡਰ ਸਬੰਧਤ ਸਕੂਲਾਂ ਵਿੱਚ ਪੁਹੰਚ ਜਾਣ ਤਾਂ ਜੋ ਸਕੂਲ ਮੁੱਖੀ ਅਤੇ ਵਿਦਿਆਰਥੀ ਇਸ ਵਿੱਚ ਸਮਾਂ ਸਾਰਣੀ ਅਨੁਸਾਰ ਗਤੀਵਿਧੀਆਂ ਕਰਨ।

4.0 **ਸਲਾਨਾ ਪ੍ਰੀਖਿਆਵਾਂ ਵਿੱਚ ਨਕਲ ਨੂੰ ਰੋਕਣ ਲਈ ਕਾਰਗਰ ਕਦਮ ਚੁੱਕਣ ਸਬੰਧੀ।**

ਹਾਲ ਹੀ ਵਿੱਚ ਸਕੂਲ ਸਿੱਖਿਆ ਬੋਰਡ ਦੀਆਂ ਮੈਟ੍ਰਿਕ ਅਤੇ ਬਾਰਵੀਂ ਦੀਆਂ ਸਲਾਨਾ ਪ੍ਰੀਖਿਆਵਾਂ 2012-13 ਵਿੱਚ ਨਕਲ ਦੇ ਰੁਝਾਨ ਨੂੰ ਠੱਲ੍ਹ ਪਾਉਣ ਲਈ ਸਿੱਖਿਆ ਵਿਭਾਗ ਵੱਲੋਂ ਕਾਫੀ ਕਾਰਗਰ ਕਦਮ ਚੁੱਕੇ ਗਏ ਹਨ। ਜਿਸ ਨਾਲ ਪ੍ਰੀਖਿਆ ਕੇਂਦਰਾਂ ਵਿੱਚ ਨਕਲ ਨੂੰ ਕਾਫੀ ਹੱਦ ਤੱਕ ਨਕੇਲ ਪਾ ਲਈ ਗਈ ਹੈ।ਇਸ ਸਬੰਧੀ ਮੀਟਿੰਗ ਵਿੱਚ ਵਿਚਾਰ ਕੀਤਾ ਗਿਆ ਕਿ ਨਵੇ ਸੈਸ਼ਨ ਵਿੱਚ ਪ੍ਰੀਖਿਆਂ ਦੌਰਾਨ ਨਕਲ ਨੂੰ ਨਕੇਲ ਪਾਉਣ ਲਈ ਹੁਣ ਤੋਂ ਹੀ ਤਿਆਰ ਕਰਨ ਦੀ ਲੋੜ ਹੈ। ਇਸ ਸਬੰਧੀ ਵਿਚਾਰ ਕੀਤਾ ਗਿਆ ਕਿ ਪ੍ਰਾਇਵੇਟ ਸਕੂਲਾਂ ਦੇ ਵਿਦਿਆਰਥੀਆਂ ਦੀ ਪ੍ਰੀਖਿਆਵਾਂ ਵਖਰੇ ਸੈਂਟਰਾਂ ਵਿੱਚ ਲਈਆਂ ਜਾਣਗੀਆ।ਨਵੇ ਸੈਸ਼ਨ ਵਿੱਚ ਪੇਪਰ ਸੈਟਿੰਗ, ਪੇਪਰਾਂ ਦੀ ਚੈਕਿੰਗ ਆਦਿ ਲਈ ਖਾਸ ਧਿਆਨ ਦਿੱਤਾ ਜਾਵੇਗਾ ਤਾਂ ਜੋਂ ਨਕਲ ਰੂਪੀ ਕੋਹੜ ਨੂੰ ਜੜ ਤੋਂ ਉਖਾੜਿਆ ਜਾ ਸਕੇ।

## 5.0 ਲੰਬੇ ਸਮੇਂ ਤੋਂ ਗੈਰਹਾਜਰ ਅਧਿਆਪਕਾਂ/ਕਰਮਚਾਰੀਆਂ ਸਬੰਧੀ।

ਸਿੱਖਿਆ ਵਿਭਾਗ ਵਿੱਚ ਜਿਹੜੇ ਮੁਲਾਜਮ ਲੰਬੇ ਸਮੇਂ ਤੋਂ ਗੈਰਹਾਜਰ ਚਲ ਰਹੇ ਹਨ, ਉਨ੍ਹਾ ਵਿਚੋਂ ਸਬੰਧਤ ਐਲੀਮੈਂਟਰੀ ਸਿੱਖਿਆ ਅਫਸਰਾਂ ਵੱਲੋਂ 99 ਮੁਲਾਜਮਾਂ ਦੀਆਂ ਸੇਵਾਵਾਂ ਖਤਮ ਕਰ ਦਿੱਤੀਆਂ ਗਈਆ ਹੈ ਅਤੇ ਬਾਕੀ ਰਹਿੰਦੇ 58 ਪ੍ਰਾਇਮਰੀ ਮੁਲਾਜਮ ਜਿਹੜੇ ਕਿ ਗੈਰਹਾਜਰ ਚੱਲ ਰਹੇ ਹਨ ਸਬੰਧੀ ਸਾਂਝਾ ਪਬਲਿਕ ਨੋਟਿਸ ਮੁੱਖ ਦਫਤਰ ਵੱਲੋ ਜਾਰੀ ਕੀਤਾ ਜਾ ਰਿਹਾ ਹੈ ਅਤੇ ਪਬਲਿਕ ਨੋਟਿਸ ਜਾਰੀ ਕਰਨ ਉਪਰੰਤ ਕਰਵਾਈ ਜਲਦ ਮੁਕੰਮਲ ਕਰ ਲਈ ਜਾਵੇਗੀ। ਵਿਭਾਗ ਵੱਲੋ ਹੁਣ ਤੱਕ ਲਗਭਗ 620 ਮੁਲਾਜਮਾਂ ਦੀਆਂ ਸੇਵਾਵਾਂ ਖਤਮ ਕਰ ਦਿੱਤੀਆਂ ਗਈਆਂ ਹਨ ਅਤੇ ਲਗਭਗ 700 ਮੁਲਾਜਮਾਂ ਦੀਆਂ ਸੇਵਾਵਾਂ ਖਤਮ ਕਰਨ ਸਬੰਧੀ ਕਾਰਵਾਈ ਕੀਤੀ ਜਾ ਰਹੀ ਹੈ ਕਿ ਜਿਹੜੇ ਕੀ ਕਈ ਸਾਲਾ ਤੋਂ ਗੈਰਹਾਜਰ ਚਲ ਰਹੇ ਹਨ, ਜਿਸ ਨਾਲ ਵਿਦਿਆਰਥੀਆਂ ਨੂੰ ਸਿੱਖਿਆ ਪ੍ਰਤੀ ਨਿਰਧਾਰਤ ਸਹੂਲਤਾ ਦੇਣ ਵਿੱਚ ਮੁਸ਼ਕਿਲ ਪੇਸ ਆਉਦੀ ਹੈ।

ਮੀਟਿੰਗ ਦੌਰਾਨ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਹਦਾਇਤ ਕੀਤੀ ਗਈ ਕਿ ਅਣ-ਅਧਿਕਾਰਤ ਤੌਰ ਤੇ ਡਿਊਟੀ ਤੋਂ ਗੈਰ ਹਾਜਰ ਰਹਿਣ ਦੇ ਗੰਭੀਰ ਦੋਸ਼ਾਂ ਸਬੰਧੀ ਅਧਿਕਾਰੀ/ਕਰਮਚਾਰੀ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਕਰਨ ਵਿੱਚ ਅਤੇ ਨਜਿੱਠਣ ਵਿੱਚ ਬੇਲੋੜੀ ਦੇਰੀ ਨਾ ਕੀਤੀ ਜਾਵੇ ਜਦੋ ਕਿ ਸਰਕਾਰ ਵੱਲੋ ਅਜਿਹੇ ਕੇਸਾਂ ਨੂੰ ਸਮੇ ਸਿਰ ਫੈਸਲਾ ਲੈਣ ਲਈ ਹਦਾਇਤਾਂ ਵੀ ਜਾਰੀ ਕੀਤੀਆਂ ਗਈਆਂ ਹਨ।

## 6.0 ਗਰਮੀਆਂ ਵਿੱਚ ਸਕੂਲਾਂ ਦਾ ਸਮਾਂ ਅਤੇ ਛੁਟੀਆਂ ਕਰਨ ਸਬੰਧੀ

ਮੀਟਿੰਗ ਦੌਰਾਨ ਵਿਚਾਰ ਕੀਤਾ ਗਿਆ ਕਿ ਗਰਮੀਆਂ ਦੌਰਾਨ ਸਕੂਲਾਂ ਦਾ ਸਮਾਂ ਕਿਸ ਪ੍ਰਕਾਰ ਨਿਸਚਿਤ ਕੀਤਾ ਜਾਵੇ ਤਾਂ ਜੋ ਆਰ.ਟੀ.ਈ ਐਕਟ ਵਿੱਚ ਨਿਰਧਾਰਤ ਘੱਟੇ ਅਨੁਸਾਰ ਸਕੂਲਾਂ ਦਾ ਸਮਾਂ ਨਿਸਚਿਤ ਕੀਤਾ ਜਾਵੇ ਅਤੇ ਇਹ ਵੀ ਵਿਚਾਰ ਕੀਤਾ ਗਿਆ ਕਿ ਗਰਮੀਆਂ ਦੀਆਂ ਛੁਟੀਆਂ ਕਦੋ ਕੀਤੀਆਂ ਜਾਣ। ਇਸ ਸਬੰਧੀ ਜਿਲ੍ਹਾ ਸਿੱਖਿਆ ਅਫਸਰਾਂ ਵੱਲੋ ਇਹ ਸਾਝੀ ਰਾਏ ਦਿੱਤੀ ਗਈ ਕਿ ਗਰਮੀਆਂ ਦੀ ਛੁਟੀਆਂ 10 ਜੂਨ ਤੋਂ 10 ਜੁਲਾਈ ਤੱਕ ਕੀਤੀਆਂ ਜਾਣ ਕਿਉਕਿ ਇਸ ਸਮੇਂ ਗਰਮੀ ਕਾਫੀ ਪੈਂਦੀ ਹੈ।ਇਸ ਸਬੰਧੀ ਫੈਸਲਾ ਸਕੂਲਾਂ ਦਾ ਸਮਾਂ ਅਤੇ ਛੁਟੀਆਂ ਬਾਰੇ ਫੈਸਲਾ ਸਰਕਾਰ ਪੱਧਰ ਤੇ ਕੀਤਾ ਜਾਵੇਗਾ।

## 7.0 ਸਰਕਾਰੀ ਸਕੂਲਾਂ ਵਿੱਚ 9ਵੀ ਤੋਂ 12ਵੀ ਜਮਾਤ ਦੀਆਂ ਵਿਦਿਆਰਥਣਾਂ ਨੂੰ 20 ਫ਼ੀਸਦੀ ਸ਼ਹਿਰਾ ਵਿੱਚ ਅਤੇ 30 ਫ਼ੀਸਦੀ ਪਿੰਡਾਂ ਵਿੱਚ ਫੀਸ ਵਿੱਚ ਛੋਟ ਦੇਣ ਬਾਰੇ।

ਮੀਟਿੰਗ ਦੌਰਾਨ ਵਿਚਾਰ ਕੀਤਾ ਗਿਆ ਕਿ ਸਹਿਰੀ ਸਰਕਾਰੀ ਸਕੂਲਾਂ ਵਿੱਚ ਪੜ੍ਹਦੀਆਂ 9ਵੀ ਤੋ 12ਵੀ ਜਮਾਤ ਦੀਆਂ ਵਿਦਿਆਰਥਣਾਂ ਨੂੰ 20 ਫ਼ੀਸਦੀ ਫੀਸ ਮੁਆਫ ਕੀਤੀ ਜਾਵੇ ਜਦੋਕਿ ਪੇਡੂ ਸਰਕਾਰੀ ਸਕੂਲਾਂ ਵਿੱਚ ਪੜ੍ਹਦੀਆਂ ਵਿਦਿਆਰਥਣਾਂ ਨੂੰ 30 ਫ਼ੀਸਦੀ ਫੀਸ ਮੁਆਫ ਕੀਤੀ ਜਾਵੇ।ਇਸ ਸਬੰਧੀ ਛੋਟ ਬਹੁਤ ਗਰੀਬ ਘਰਾਂ ਦੀਆਂ ਅਤੇ ਅਨਾਥ ਵਿਦਿਆਰਥਣਾਂ ਤੇ ਹੀ ਲਾਗੂ ਕੀਤੀ ਜਾਵੇ। ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਇਸ ਸਬੰਧੀ ਹਦਾਇਤਾਂ ਜਲਦ ਹੀ ਜਾਰੀ ਕਰ ਦਿੱਤੀਆਂ ਜਾਣਗੀਆਂ।

## 8.0 ਵਿਭਾਗ ਵਿੱਚ ਵੱਧ ਰਹੀ ਲਿਟੀਗੇਸ਼ਨ ਸਬੰਧੀ।

ਮੀਟਿੰਗ ਵਿੱਚ ਪ੍ਰਮੁੱਖ ਸਕੱਤਰ ਸਕੂਲ ਸਿੱਖਿਆ ਜੀ ਵੱਲੋਂ ਕਿਹਾ ਗਿਆ ਕਿ ਇਹ ਵੇਖਣ ਵਿੱਚ ਆਇਆ ਹੈ ਕਿ ਦਿਨੋ-ਦਿਨ ਸਿੱਖਿਆ ਵਿਭਾਗ ਵਿੱਚ ਲਿਟੀਗੇਸ਼ਨ ਵੱਧ ਰਹੀ ਹੈ ਉਸਦਾ ਕਾਰਣ ਇਹ ਹੈ ਕਿ ਦਫਤਰਾਂ ਵਿੱਚ ਬੈਠੇ ਮੁਲਾਜਮਾਂ ਵੱਲੋਂ ਅਧਿਆਪਕਾਂ/ਕਰਮਚਾਰੀਆਂ ਦੇ ਮਾਮਲਿਆਂ ਨੂੰ ਗੌਰ ਨਾਲ ਨਹੀ ਵਿਚਾਰਿਆ ਜਾਂਦਾ ਜਾਂ ਉਨ੍ਹਾਂ ਦੇ ਮਾਮਲੇ ਦਫਤਰਾਂ ਵਿੱਚ ਪੈਡਿੰਗ ਪਏ ਰਹਿੰਦੇ ਹਨ।ਜਿਸ ਨਾਲ ਉਨ੍ਹਾਂ ਅਧਿਆਪਕਾਂ/ਕਮਰਚਾਰੀਆਂ ਨੂੰ ਕੋਰਟ ਦਾ ਸਹਾਰਾ ਲੈਣਾ ਪੈਂਦਾ ਹੈ। ਇਸ ਲਈ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਜੇਕਰ ਵਿਭਾਗ ਦੇ ਧਿਆਨ ਵਿੱਚ ਆਇਆ ਕਿ ਕਿਸੇ ਕਾਰਨ ਦਫਤਰਾਂ

ਵਿੱਚ ਬੈਠੇ ਅਧਿਕਾਰੀਆਂ/ਕਰਮਚਾਰੀਆਂ ਦੀ ਲਾਪਰਵਾਹੀ ਕਾਰਨ ਵਿਭਾਗ ਨੂੰ ਲਿਟੀਗੇਸ਼ਨ ਦਾ ਸਾਹਮਣਾ ਕਰਨਾ ਪਿਆ ਤਾਂ ਸਬੰਧਤ ਅਧਿਕਾਰੀ/ਕਰਮਚਾਰੀ ਖਿਲਾਫ ਵੀ ਕਾਰਵਾਈ ਕੀਤੀ ਜਾਵੇਗੀ।

## 9.0 ਸਕੂਲਾਂ ਨੂੰ ਮਾਨਤਾ ਦੇਣ ਸਬੰਧੀ।

ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਕਿਹਾ ਗਿਆ ਕਿ ਲਗਭਗ 600 ਸਕੂਲ ਅਜਿਹੇ ਸਨ ਜਿਹਨ੍ਹਾਂ ਵੱਲੋ ਘੋਸ਼ਣਾ ਪੱਤਰ ਜਮ੍ਹਾਂ ਨਹੀ ਕਰਵਾਏ ਗਏ ਸਨ ਅਤੇ ਘੋਸ਼ਣਾ ਪੱਤਰ ਜਮ੍ਹਾਂ ਕਰਵਾਉਣ ਲਈ ਪਹਿਲਾ ਮਿਤੀ 12.10.2012 ਨਿਰਧਾਰਤ ਕੀਤੀ ਗਈ ਸੀ, ਜਿਸ ਨੂੰ ਵਧਾਕੇ ਮਿਤੀ 12.03.2013 ਕੀਤਾ ਗਿਆ ਸੀ, ਇਸ ਮਿਤੀ ਤੱਕ ਜਿਨ੍ਹਾਂ ਸਕੂਲਾਂ ਵੱਲੋ ਘੋਸ਼ਣਾ ਪੱਤਰ ਜਮ੍ਹਾਂ ਕਰਵਾ ਦਿਤੇ ਗਏ ਸਨ, ਉਨ੍ਹਾਂ ਸਕੂਲਾਂ ਦੀ ਹਦਾਇਤਾਂ ਮੁਤਾਬਿਕ ਵੈਰੀਫਿਕੇਸ਼ਨ ਦੀ ਅਗਲੀ ਕਾਰਵਾਈ ਅਮਲ ਵਿੱਚ ਲਿਆਉਣ ਲਈ ਕਿਹਾ ਗਿਆ ਸੀ ਕਿਉਕਿ ਸਿੱਖਿਆ ਦੇ ਅਧਿਕਾਰ ਐਕਟ 2009 ਅਨੁਸਾਰ ਜਿਹੜੇ ਪ੍ਰਾਈਵੇਟ ਸਕੂਲ ਅਜਿਹੇ ਹਨ ਜੋ ਕਿ ਮਿਤੀ 31.03.2013 ਤੱਕ ਆਰ.ਟੀ.ਈ. ਐਕਟ ਦੇ Parameter ਪੂਰੇ ਨਹੀਂ ਕਰਦੇ, ਅਜਿਹੇ ਸਕੂਲ 31.03.2013 ਤੋਂ ਬਾਅਦ ਨਹੀ ਚਲ ਸਕਦੇ।

## 10.0 Rationalization of Blocks

ਮੀਟਿੰਗ ਵਿੱਚ ਕਿਹਾ ਗਿਆ ਕਿ ਜਿਲ੍ਹਿਆਂ ਵੱਲੋ ਪ੍ਰਾਪਤ ਬਲਾਕਾ ਦੀ ਰੈਸ਼ਨੇਲਾਈਜੇਸ਼ਨ ਸਬੰਧੀ ਤਜਵੀਜ ਸਰਕਾਰ ਦੇ ਵਿਚਾਰਨ ਉਪਰੰਤ ਬਲਾਕਾ ਦੀ ਰੈਸ਼ਨੇਲਾਈਜੇਸ਼ਨ ਸਬੰਧੀ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ, ਪਰ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਕੁਝ ਸਕੂਲ ਜਿਨ੍ਹਾਂ ਨੂੰ ਜਿਹੜੇ ਬਲਾਕ ਹੇਠਾ ਲਗਾਇਆ ਗਿਆ ਹੈ ਉਹ ਸਕੂਲ ਉਸ ਬਲਾਕ ਦੀ ਥਾਂ ਦੂਜੇ ਬਲਾਕ ਵਿੱਚ ਲਗਾਇਆ ਜਾਣਾ ਸੀ। ਇਸ ਲਈ ਮੀਟਿੰਗ ਵਿੱਚ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਕਿਹਾ ਗਿਆ ਕਿ ਉਹ ਇਸ ਸਬੰਧੀ ਬਲਾਕਾ ਦੀ ਕੀਤੀ ਗਈ ਰੈਸ਼ਨੇਲਾਈਜੇਸ਼ਨ ਨੂੰ ਦੁਬਾਰਾ ਘੋਖ ਲੈਣ ਅਤੇ ਜੇਕਰ ਕਿਸੇ ਸਕੂਲ ਨੂੰ ਕਿਸੇ ਹੋਰ ਬਲਾਕ ਵਿੱਚ ਸਿਫਟ ਕਰਨ ਦੀ ਤਜਵੀਜ ਹੋਵੇ ਤਾਂ ਤੁਰੰਤ ਮੁੱਖ ਦਫਤਰ ਨੂੰ ਦੱਸਿਆ ਜਾਵੇ ਤਾਂ ਜੋਂ ਇਨ੍ਹਾਂ ਬਲਾਕਾ ਦੀ ਰੈਸ਼ਨੇਲਾਈਜੇਸ਼ਨ ਸਬੰਧੀ ਤਰੁਟੀਆਂ ਨੂੰ ਦੂਰ ਕੀਤਾ ਜਾ ਸਕੇ।

## 11.0 Rationalization of Teachers

ਵਿਭਾਗ ਦੇ ਧਿਆਨ ਵਿੱਚ ਆਇਆ ਹੈ ਕਿ ਅਜੇ ਵੀ ਕਈ ਸਕੂਲਾਂ ਵਿੱਚ ਅਧਿਆਪਕ ਲੋੜ ਤੋਂ ਵੱਧ ਬੈਠੇ ਹਨ ਜਦਕਿ ਕਈ ਸਕੂਲਾਂ ਵਿੱਚ ਬੱਚਿਆਂ ਦੀ ਗਿਣਤੀ ਦੇ ਮੁਤਾਬਿਕ ਅਧਿਆਪਕ ਨਹੀ ਹਨ। ਇਹ ਪਾਇਆ ਗਿਆ ਕਿ ਪਿਛਲੇ ਸਾਲ 4500 ਅਧਿਆਪਕਾਂ ਦੀ ਰੈਸ਼ਨੇਲਾਈਜੇਸ਼ਨ ਕੀਤੀ ਗਈ ਸੀ। ਇਹ ਦੇਖਿਆ ਗਿਆ ਕਿ ਕਈ ਸਕੂਲਾਂ ਵਿੱਚ ਵੱਖ-ਵੱਖ ਵਿਸ਼ੇ ਦੇ ਲੈਕਚਰਾਰ ਅਜੇ ਵੀ ਕੇਵਲ 12 ਤੋਂ 20 ਪੀਰਿਅਡ ਹੀ ਲੈ ਰਹੇ ਜਦਕਿ ਪਾਲਿਸੀ ਮੁਤਾਬਿਕ ਇਕ ਲੈਕਚਰਾਰ ਨੂੰ 32 ਪੀਰਿਅਡ ਲੈਣੇ ਲਾਜਮੀ ਹਨ।ਇਹ ਫੈਸਲਾ ਹੋਇਆ ਕਿ ਰੈਸ਼ਨੇਲਾਈਜੇਸ਼ਨ ਅਪ੍ਰੈਲ ਦੇ ਮਹੀਨੇ ਵਿੱਚ ਮੁਕੰਮਲ ਕਰ ਲਈ ਜਾਵੇ।

## 12.0 Merging of School

ਮੀਟਿੰਗ ਵਿੱਚ ਵਿਚਾਰ ਕੀਤਾ ਗਿਆ ਕਿ ਪੰਜਾਬ ਵਿੱਚ ਕਾਫੀ ਸਕੂਲ ਅਜਿਹੇ ਹਨ ਜੋ ਕਿ ਇਕ ਕਿਲੋਮੀਟਰ ਦੇ ਘੇਰੇ ਵਿੱਚ ਵੱਖ-ਵੱਖ ਚੱਲ ਰਹੇ ਹਨ ਅਤੇ ਜਿਥੇ ਬੱਚਿਆਂ ਦੀ ਗਿਣਤੀ ਵੀ ਕਾਫ਼ੀ ਘੱਟ ਹੈ (20 ਤੋਂ ਘੱਟ), ਜਿਨ੍ਹਾਂ ਨੂੰ ਦੂਜੇ ਸਕੂਲਾਂ ਵਿੱਚ ਮਰਜ ਕਰਨ ਦੀ ਤਜ਼ਵੀਜ ਹੈ। ਜਿਸ ਸਬੰਧੀ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਕਿਹਾ ਗਿਆ ਕਿ ਜੋ ਤਜ਼ਵੀਜਾਂ ਉਨ੍ਹਾਂ ਵੱਲੋਂ ਮੁੱਖ ਦਫਤਰ ਨੂੰ ਭੇਜੀਆਂ ਗਈਆਂ ਸਨ, ਉਨ੍ਹਾਂ ਨੂੰ ਇਕ ਵਾਰ ਚੰਗੀ ਤਰ੍ਹਾਂ ਘੋਖ ਲਿਆ ਜਾਵੇ ਤਾਂ ਜੋ ਸਕੂਲਾਂ ਨੂੰ ਇਕੱਠਾ ਕਰਨ ਸਮੇਂ ਕੋਈ ਤਰੁਟੀ ਨਾ ਰਹਿ ਜਾਵੇ। ਜਿਸ ਸਬੰਧੀ ਵਿਸਥਾਰ ਤਜਵੀਜ਼ ਤੁਰੰਤ ਮੁੱਖ ਦਫ਼ਤਰ ਨੂੰ ਮੁਹਇਆ ਕਰਵਾਈ ਜਾਵੇ ਤਾਂ ਜੋ ਸਮੇਂ ਸਿਰ ਅਗਲੀ ਕਾਰਵਾਈ ਆਰੰਭੀ ਜਾ ਸਕੇ।

## 13.0 ਸਕੂਲਾਂ ਦਾ ਨਿਰੀਖਣ ਕਰਨ ਸਬੰਧੀ।

ਮੀਟਿੰਗ ਦੌਰਾਨ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਨੂੰ ਕਿਹਾ ਗਿਆ ਕਿ ਉਨ੍ਹਾਂ ਵੱਲੋਂ ਜਿਹੜੇ ਵੀ ਨਿਰੀਖਣ ਕੀਤੇ ਜਾਂਦੇ ਹਨ, ਉਨ੍ਹਾਂ ਸੰਬੰਧੀ ਪੂਰੀ ਨਿਰੀਖਣ ਰਿਪੋਰਟ ਮੁੱਖ ਦਫ਼ਤਰ ਨੂੰ ਭੇਜੀ ਜਾਵੇ ਤਾਂ ਜੋ ਪ੍ਰਾਪਤ ਹੋਈ ਰਿਪੋਰਟ ਤੇ ਅਮਲ ਕੀਤਾ ਜਾ ਸਕੇ।ਪਰ ਇਹ ਵੇਖਣ ਵਿੱਚ ਆਇਆ ਹੈ ਕਿ ਜਿਲ੍ਹਾ ਸਿੱਖਿਆਂ ਅਫਸਰਾਂ ਵੱਲੋ ਜੋ ਨਿਰੀਖਣ ਕੀਤੇ ਜਾਂਦੇ ਹਨ, ਉਹ ਜਾਂ ਤਾ ਮਿਥੀ ਗਿਣਤੀ ਅਨੁਸਾਰ ਨਹੀ ਕੀਤੇ ਜਾਂਦੇ ਜਾਂ ਸਹੀ ਢੰਗ ਨਾਲ ਨਹੀ ਕੀਤੇ ਜਾਂਦੇ।ਇਹ ਸਬੰਧੀ ਮੀਟਿੰਗ ਵੀ ਹਦਾਇਤ ਕੀਤੀ ਗਈ ਕਿ ਜੇਕਰ ਨਿਰੀਖਣ ਦੌਰਾਨ ਕੋਈ ਉਣਤਾਈ ਪਾਈ ਜਾਂਦੀ ਹੈ ਤਾਂ ਉਸ ਦਾ ਰੂਲਾਂ ਮੁਤਾਬਿਕ ਕਾਰਵਾਈ ਤੁਰੰਤ ਅਮਲ ਵਿੱਚ ਲਿਆਦੀ ਜਾਵੇ ਅਤੇ ਉਸ ਦੀ ਸੂਚਨਾਂ ਮੁੱਖ ਦਫਤਰ ਨੂੰ ਵੀ ਦਿੱਤੀ ਜਾਵੇ।

## 14.0 e-punjabschool.gov.in ਵੈਬ-ਪੋਰਟਲ ਸਬੰਧੀ।

ਸਿੱਖਿਆ ਵਿਭਾਗ, ਪੰਜਾਬ ਵੱਲੋ ਵਿਦਿਆਰਥੀਆ, ਅਧਿਆਪਕਾਂ ਅਤੇ ਸਕੂਲਾਂ ਦੇ ਬੁਨਿਆਦੀ ਢਾਂਚੇ ਆਦਿ ਸਬੰਧੀ ਜਾਣਕਾਰੀ ਨੂੰ ਆਨਲਾਈਨ ਕਰਨ ਲਈ epunjabschool.gov.in GIS MIS ਵੈਬ-ਪੋਰਟਲ ਬਣਾਇਆ ਗਿਆ ਹੈ, ਇਸ ਪੋਰਟਲ ਉੱਤੇ ਸਮੂਹ ਸੀਨੀਅਰ ਸੈਕੰਡਰੀ, ਹਾਈ ਅਤੇ ਮਿਡਲ ਸਕੂਲਾਂ ਵੱਲੋ ਆਪਣੇ ਸਕੂਲ ਸਬੰਧੀ ਜਾਣਕਾਰੀ ਦਰਜ ਕੀਤੀ ਗਈ ਹੈ। ਸਮੂਹ ਅਧਿਆਪਕਾਂ ਦੀ ਜਾਣਕਾਰੀ ਵੈਬ-ਪੋਰਟਲ ਤੇ ਪਾਉਣ ਸਬੰਧੀ ਇਕ ਪ੍ਰੋਫਾਰਮਾ ਤਿਆਰ ਕੀਤਾ ਗਿਆ ਹੈ, ਜੋ ਕਿ ਹਰ ਸਕੂਲ ਵਿੱਚ ਮੁਹਇਆ ਕਰਵਾ ਦਿੱਤਾ ਗਿਆ ਹੈ।

ਇਸ ਸਬੰਧੀ ਮੀਟਿੰਗ ਵਿੱਚ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਕਿਹਾ ਗਿਆ ਕਿ ਉਹ ਸਮੂਹ ਸਕੂਲ ਮੁਖੀਆਂ ਨੂੰ ਦੱਸਿਆ ਜਾਵੇ ਕਿ ਨਿਸਚਿਤ ਪ੍ਰੋਫਾਰਮਾ ਹਰ ਅਧਿਆਪਕ/ਕਰਮਚਾਰੀ ਵੱਲੋਂ ਆਪ ਭਰਨ ਉਪਰੰਤ ਹਸਤਾਖਰ ਕਰਕੇ ਸਕੂਲ ਮੁੱਖੀ ਤੋਂ ਤਸਦੀਕ ਕਰਵਾਉਣ ਉਪਰੰਤ ਕੰਪਿਊਟਰ ਅਧਿਆਪਕ ਜਾਂ ਉਸ ਅਮਲੇ ਨੂੰ ਦੇਣ ਜਿਸ ਵੱਲੋਂ ਇਹ ਜਾਣਕਾਰੀ ਈ-ਪੰਜਾਬ ਪੋਰਟਲ ਉੱਤੇ ਦਰਜ ਕੀਤੀ ਜਾਣੀ ਹੈ।ਇਸ ਸਬੰਧੀ ਕਿਸੇ ਕਿਸਮ ਦੀ ਜਾਣਕਾਰੀ ਜਾਂ ਤਕਨੀਕੀ ਮੁਸ਼ਕਿਲ ਲਈ ਸਬੰਧ ਬਲਾਕ ਐਮ.ਆਈ. ਐਸ ਕੋਆਰਡੀਨੇਟਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## 15.0 ਅਬਰਾਹਮ ਲਿੰਕਨ ਦੁਆਰਾ ਆਪਣੇ ਪੁੱਤਰ ਦੇ ਅਧਿਆਪਕ ਨੂੰ ਲਿਖੇ ਪੱਤਰ ਸਬੰਧੀ

ਮੀਟਿੰਗ ਵਿੱਚ ਵਿਚਾਰ ਕੀਤਾ ਗਿਆ ਕਿ ਸਿੱਖਿਆ ਦਾ ਉਦੇਸ਼ ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਕਰਨਾ ਹੈ। ਅਕਾਦਮਿਕ ਵਿਕਾਸ ਦੇ ਨਾਲ-ਨਾਲ ਸੱਭਿਆਚਾਰਕ, ਸਮਾਜਿਕ, ਬੌਧਿਕ ਅਤੇ ਭਾਵਨਾਤਮਕ ਵਿਕਾਸ ਵੀ ਜ਼ਰੂਰੀ ਹੈ, ਜਿਸ ਵਿੱਚ ਅਧਿਆਪਕ ਦੀ ਭੂਮਿਕਾ ਅਹਿਮ ਹੁੰਦੀ ਹੈ ਇਸ ਵਿਸ਼ੇ ਸਬੰਧੀ ਸੰਯੁਕਤ ਰਾਜ ਅਮਰੀਕਾ ਦੇ 16ਵੇ ਰਾਸ਼ਟਰਪਤੀ ਅਬਰਾਹਮ ਲਿੰਕਨ ਵੱਲੋ ਆਪਣੇ ਪੁੱਤਰ ਦੇ ਅਧਿਆਪਕ ਨੂੰ ਇਕ ਪੱਤਰ ਲਿੱਖਿਆ ਗਿਆ ਸੀ ਜਿਸ ਦਾ ਪੰਜਾਬੀ ਰੁਪਾਂਤਰ ਅਤੇ ਅੰਗਰੇਜੀ ਰੂਪ ਸਮੂਹ ਸਕੂਲ ਮੁੱਖੀਆਂ ਨੂੰ ਇਸ ਦਫਤਰ ਵੱਲੋ ਜਾਰੀ ਕੀਤਾ ਗਿਆ ਹੈ। ਇਸ ਸੰਬਧੀ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਕਿਹਾ ਗਿਆ ਕਿ ਉਸ ਸਮੂਹ ਮੁੱਖੀਆਂ ਨੂੰ ਕਹਿਣ ਕਿ ਉਹ ਇਸ ਪੱਤਰ ਨੂੰ ਸਕੂਲ ਦੀ ਲਾਇਬ੍ਰੇਰੀ ਜਾਂ ਕਿਸੇ ਹੋਰ ਪ੍ਰਮੁੱਖ ਸਥਾਨ ਤੇ ਲਿਖਣ ਲਈ ਵਿਚਾਰ ਕਰਨ ਤਾਂ ਜੋ ਅਧਿਆਪਕ ਅਤੇ ਵਿਦਿਆਰਥੀ ਇਸ ਪੱਤਰ ਵਿੱਚ ਲਿਖੀ ਇਬਾਰਤ ਨੂੰ ਪੜ੍ਹ ਕੇ ਵਿੱਦਿਆ ਦੇ ਮਹੱਤਵ ਅਤੇ ਜ਼ਿੰਦਗੀ ਦੇ ਸਿਧਾਂਤਾਂ ਉਤੇ ਅਮਲ ਕਰ ਸਕਣ।

## 16.0 ਮੰਡਲ ਸਿੱਖਿਆ ਅਫਸਰ ਦੇ ਦਫਤਰਾਂ ਵਿੱਚ ਕੰਪਿਊਟਰ ਮੁੱਹਈਆ ਕਰਵਾਉਣ ਸਬੰਧੀ

ਮੀਟਿੰਗ ਵਿੱਚ ਸਮੂਹ ਮੰਡਲ ਸਿੱਖਿਆ ਅਫਸਰਾਂ ਵੱਲੋਂ ਮੰਗ ਕੀਤੀ ਗਈ ਕਿ ਉਨ੍ਹਾਂ ਦੇ ਦਫਤਰਾਂ ਵਿੱਚ ਕੰਪਿਊਟਰ ਆਦਿ ਪੂਰੀ ਮਾਤਰਾ ਵਿੱਚ ਨਹੀ ਹਨ, ਇਸ ਸਬੰਧੀ ਐਮ.ਆਈ.ਆਈ ਸ਼ਾਖਾ ਨੂੰ ਕਿਹਾ ਗਿਆ ਕਿ ਉਹ ਮੰਡਲ ਸਿੱਖਿਆ ਅਫਸਰਾਂ ਦੇ ਦਫਤਰਾਂ ਵਿੱਚ ਕੰਪਿਊਟਰ ਆਦਿ ਮੁਹਇਆ ਕਰਨ ਸਬੰਧੀ ਕਾਰਵਾਈ ਕਰਨ।

## 17.0 ਉਡਾਣ ਪ੍ਰੋਜੈਕਟ ਸਬੰਧੀ

ਮੀਟਿੰਗ ਵਿਚ ਵਿਚਾਰ ਕੀਤਾ ਗਿਆ ਕਿ ਉਡਾਣ ਪ੍ਰੋਜੈਕਟ ਮਿਤੀ 8.10.2012 ਨੂੰ ਸਰਕਾਰੀ ਹਾਈ ਸਕੂਲ ਬੇਨੜਾ (ਸੰਗਰੂਰ) ਵਿੱਚ ਸ਼ੁਰੂ ਕੀਤਾ ਗਿਆ ਸੀ। ਇਸ ਪ੍ਰੋਜੈਕਟ ਅਧੀਨ ਜੁੜੇ ਸਕੂਲਾਂ ਨੂੰ ਕੰਮ ਕਾਜ ਵਾਲੇ ਦਿਨ ਸ਼ਾਮ ਨੂੰ ਪ੍ਰਸ਼ਨ-ਉਤਰ ਈ-ਮੇਲ ਕੀਤੇ ਜਾਂਦੇ ਹਨ। ਇਸ ਭੇਜੀ ਈ-ਮੇਲ ਦੀਆਂ ਪ੍ਰਿੰਟ ਕਾਪੀਆਂ ਅਗਲੇ ਦਿਨ ਸਵੇਰੇ ਨੋਟਿਸ ਬੋਰਡ ਤੇ ਲਗਾ ਦਿੱਤੀਆਂ ਜਾਂਦੀਆਂ ਹਨ। ਵਿਹਲੇ ਸਮੇਂ ਵਿੱਚ ਵਿਦਿਆਰਥੀ ਇਨ੍ਹਾਂ ਆਮ ਗਿਆਨ ਦੇ ਪ੍ਰਸ਼ਨਾ ਉਤਰਾਂ ਨੂੰ ਆਪਣੀਆਂ ਕਾਪੀਆਂ ਤੇ ਨੋਟ ਕਰ ਲੈਂਦੇ ਹਨ। ਇਹ ਪ੍ਰਸ਼ਨ ਦੁਨੀਆਂ, ਦੇਸ਼ ਅਤੇ ਰਾਜ ਦੇ ਹਰ ਖੇਤਰ ਨਾਲ ਸਬੰਧਿਤ ਹੁੰਦੇ ਹਨ। ਇਹ ਦੱਸਿਆ ਗਿਆ ਕਿ ਇਹ ਪ੍ਰੋਜੈਕਟ ਪੰਜਾਬ ਦੇ ਸਕੂਲਾਂ ਵਿੱਚ ਸ਼ੁਰੂ ਕੀਤਾ ਜਾ ਰਿਹਾ ਹੈ।

## 18.0 ਪ੍ਰਵੇਸ਼ ਪ੍ਰੋਜੈਕਟ ਸਬੰਧੀ।

ਪ੍ਰਾਇਮਰੀ ਵਿੱਦਿਆ ਸੁਧਾਰ ਲਈ ਰਾਜ ਦੇ ਸਮੂਹ ਪ੍ਰਾਇਮਰੀ ਸਕੂਲਾਂ ਅੰਦਰ ਪ੍ਰਵੇਸ਼ ਪ੍ਰੋਜੈਕਟ ਚਲਾਇਆ ਗਿਆ ਹੈ। ਇਸ ਸਬੰਧੀ ਸਮੂਹ ਜਿਲ੍ਹਾਂ ਸਿੱਖਿਆ ਅਫਸਰਾਂ ਨਾਲ ਗਲਬਾਤ ਕਰਦਿਆਂ ਕਿਹਾ ਗਿਆ ਕਿ ਸਮੂਹ ਜਿਲ੍ਹਿਆਂ ਅੰਦਰ ਪ੍ਰਵੇਸ਼ ਅਤੇ ਜਿਲ੍ਹਾ ਪੱਧਰ ਤੇ ਬਹੁਤ ਮਿਹਨਤ ਕਰਦੀ ਪੈਂਦੀ ਹੈ ਅਤੇ ਟੀਮ ਦੇ ਮੈਂਬਰਾਂ ਨੂੰ 31 ਮਾਰਚ ਤੱਕ ਮੁੱਖ ਦਫ਼ਤਰ ਦੀ ਪ੍ਰਵਾਨਗੀ ਤੋਂ ਬਿਨਾ ਫਾਰਗ ਨਾ ਕੀਤਾ ਜਾਵੇ। ਮੀਟਿੰਗ ਵਿੱਚ ਇਹ ਵੀ ਦੱਸਿਆ ਗਿਆ ਕਿ ਇਸ ਵਾਰ ਭਾਰਤ ਸਰਕਾਰ ਵੱਲੋਂ ਜੋ ਵੀ ਪੈਸਾ ਸਿੱਖਿਆ ਅੰਦਰ ਗੁਣਾਤਮਕ ਪੱਧਰ ਤੇ ਸਕੂਲਾਂ ਵਿੱਚ ਹੋਏ ਗੁਣਾਤਮਕ ਸੁਧਾਰ ਬਾਰੇ ਜੁਲਾਈ ਮਹੀਨੇ ਅੰਦਰ ਸਮੁੱਚੇ ਰਾਜ ਅੰਦਰ ਵਿਜ਼ਟ ਕੀਤਾ ਜਾਣਾ ਹੈ। ਸੋ ਗੁਣਾਤਮਕ ਸੁਧਾਰ ਦੇ ਏਜੰਡੇ ਨੂੰ ਮੁੱਖ ਰੱਖਦਿਆਂ ਸਕੂਲਾਂ ਦੀ ਮਾਨੀਟਰਿੰਗ ਵੀ ਕੀਤੀ ਜਾਵੇ ਤਾਂ ਜੋ ਪ੍ਰਵੇਸ਼ ਪ੍ਰਜੈਕਟ ਦੇ ਜਿਲ੍ਹਿਆਂ ਅੰਦਰ ਚੰਗੇ ਨਤੀਜੇ ਸਾਹਮਣੇ ਆਉਣ।

ਮੀਟਿੰਗ ਵਿੱਚ ਜਿਲ੍ਹਾ ਪ੍ਰੀਸ਼ਦ ਦੇ ਸਕੂਲਾਂ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਇਨ੍ਹਾਂ ਨੂੰ ਪ੍ਰਵੇਸ਼ ਪ੍ਰਾਜੈਕਟ ਵਿੱਚ ਕੰਮ ਕਰਨ ਲਈ ਜਿਲ੍ਹੇ ਦੇ ਡਿਪਟੀ ਕਮੀਸ਼ਨਰ ਅਤੇ ਵਧੀਕ ਡਿਪਟੀ ਕਮੀਸ਼ਨਰ (ਵਿਕਾਸ) ਨਾਲ ਵੀ ਗੱਲਵਾਤ ਕਰਨ ਲਈ ਕਿਹਾ ਗਿਆ।

## 19.0 ਬੇਸ ਲਾਈਨ ਮੁਲਾਂਕਣ ਕਰਵਾਉਣ ਸਬੰਧੀ।

ਮੀਟਿੰਗ ਵਿੱਚ ਵਿਚਾਰ ਕੀਤਾ ਗਿਆ ਕਿ ਛੇਵੀ, ਸੱਤਵੀ ਅਤੇ ਅੱਠਵੀਂ ਜਮਾਤ ਦੇ ਸਮਾਜਿਕ ਸਿੱਖਿਆ ਵਿਸ਼ੇ ਦੇ ਵਿਦਿਆਰਥੀਆਂ ਦਾ ਬੇਸ ਲਾਈਨ ਮੁਲਾਂਕਣ ਕੀਤਾ ਜਾ ਰਿਹਾ ਹੈ।ਇਸ ਸਬੰਧੀ ਦਫਤਰ ਵੱਲੋਂ ਹਦਾਇਤਾਂ ਵੀ ਜਾਰੀ ਕਰ ਦਿੱਤੀਆਂ ਗਈਆਂ ਹਨ ਅਤੇ ਹਦਾਇਤ ਅਨੁਸਾਰ ਇਸ ਮੁਲਾਂਕਣ ਵਿੱਚ ਸਮੂਹ ਸਮਾਜਿਕ ਸਿੱਖਿਆ ਵਿਸ਼ੇ ਦੇ ਅਧਿਆਪਕ ਇਹ ਯਕੀਨੀ ਬਣਾਉਣਗੇ ਕਿ ਕੋਈ ਵੀ ਵਿਦਿਆਰਥੀ ਕਿਸੇ ਤਰ੍ਹਾਂ ਦੀ ਨਕਲ ਨਾ ਕਰਨ।ਇਸੇ ਤਰ੍ਹਾ ਮੈਥ, ਸਾਇੰਸ ਅਤੇ ਅੰਗਰੇਜੀ ਵਿਸ਼ੇ ਦਾ ਮੁਲਾਂਕਣ ਵੀ ਕਰਵਾਇਆ ਜਾ ਰਿਹਾ ਹੈ ਜਿਸ ਸਬੰਧੀ ਹਦਾਇਤਾਂ ਮੁੱਖ ਦਫਤਰ ਵੱਲੋ ਜਲਦ ਹੀ ਜਾਰੀ ਕੀਤੀ ਜਾਣਗੀਆਂ।

ਉਕਤ ਫੈਸਲਿਆਂ/ਵਿਚਾਰਾਂ ਨਾਲ ਇਹ ਮੀਟਿੰਗ ਧੰਨਵਾਦ ਸਹਿਤ ਸਮਾਪਤ ਹੋਈ।

| ਲੜੀ ਨੰ | ਅਧਿਕਾਰੀ ਦਾ ਨਾਂ | ਅਹੁੱਦਾ |
|---|---|---|
| 1 | ਸ੍ਰੀਮਤੀ ਅੰਜਲੀ ਭਾਵਰਾ, ਆਈ.ਏ.ਐਸ. | ਪ੍ਰਮੁੱਖ ਸਕੱਤਰ ਸਕੂਲ ਸਿੱਖਿਆ, ਪੰਜਾਬ |
| 2 | ਸ੍ਰੀ ਕਾਹਨ ਸਿੰਘ ਪੰਨੂ, ਆਈ.ਏ.ਐਸ. | ਸਕੱਤਰ-ਕਮ- ਡਾਇਰੈਕਟਰ ਜਨਰਲ ਸਕੂਲ ਸਿੱਖਿਆ , ਪੰਜਾਬ |
| 3 | ਸ੍ਰੀਮਤੀ ਪੰਕਜ ਸਰਮਾ | ਡਿਪਟੀ ਡਾਇਰੈਕਟਰ (ਡੀ.ਪੀ.ਆਈ ਸੈ.ਸਿ, ਪੰਜਾਬ) |
| 4 | ਸ੍ਰੀਮਤੀ ਦਰਸ਼ਨ ਕੌਰ | ਮੰਡਲ ਸਿੱਖਿਆ ਅਫਸਰ, ਜਲੰਧਰ |
| 5 | ਸ੍ਰੀਮਤੀ ਗੁਰਮੀਤ ਕੌਰ | ਮੰਡਲ ਸਿੱਖਿਆ ਅਫਸਰ, ਨਾਭਾ |
| 6 | ਸ੍ਰੀ ਬਲਜੀਤ ਸਿੰਘ ਬਰਾੜ | ਮੰਡਲ ਸਿੱਖਿਆ ਅਫਸਰ, ਫਰੀਦਕੋਟ |
| 7 | ਸ੍ਰੀ ਰਸਲ ਸਿੰਘ | ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਅੰਮ੍ਰਿਤਸਰ |
| 8 | ਸ੍ਰੀ ਮੇਜਰ ਸਿੰਘ | ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਬਰਨਾਲਾ |
| 9 | ਸ੍ਰੀ ਹਰਦੀਪ ਸਿੰਘ | ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਬਠਿੰਡਾ |
| 10 | ਸ੍ਰੀ ਅਮਰਜੀਤ ਸਿੰਘ | ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਫਰੀਦਕੋਟ |
| 11 | ਸ੍ਰੀਮਤੀ ਨਰੇਸ਼ ਕੁਮਾਰੀ | ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਫਿਰੋਜਪੁਰ |
| 12 | ਸ੍ਰੀ ਹਰਵੇਲ ਸਿੰਘ | ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਫਤਿਹਗੜ੍ਹ ਸਾਹਿਬ |
| 13 | ਸ੍ਰੀ ਸੰਦੀਪ ਧੂਰੀਆ | ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਫਾਜਿਲਕਾ |
| 14 | ਸ੍ਰੀ ਇੰਦਰਜੀਤ ਸਿੰਘ | ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਗੁਰਦਾਸਪੁਰ |
| 15 | ਸ੍ਰੀਮਤੀ ਸੁਖਵਿੰਦਰ ਕੌਰ | ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਹੁਸ਼ਿਆਰਪੁਰ |
| 16 | ਸ੍ਰੀਮਤੀ ਨੀਲਮ ਕੁਮਾਰੀ | ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਜਲੰਧਰ |
| 17 | ਸ੍ਰੀ ਰੂਪ ਲਾਲ | ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਕਪੂਰਥਲਾ |
| 18 | ਸ੍ਰੀਮਤੀ ਪਰਮਜੀਤ ਕੌਰ | ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਲੁਧਿਆਣਾ |
| 19 | ਸ੍ਰੀ ਪ੍ਰੀਤਮ ਸਿੰਘ ਧਾਲੀਵਾਲ | ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਮੋਗਾ |
| 20 | ਸ੍ਰੀ ਹਰਬੰਸ਼ ਸਿੰਘ ਸੰਧੂ | ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਮਾਨਸਾ |
| 21 | ਸ੍ਰੀ ਦਵਿੰਦਰ ਕੁਮਾਰ | ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਮੁਕਤਸਰ |
| 22 | ਸ੍ਰੀ ਅਮਰੀਕ ਸਿੰਘ | ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਐਸ.ਬੀ.ਐਸ ਨਗਰ |

| | | |
|---|---|---|
| 23 | ਸ਼੍ਰੀਮਤੀ ਬਲਬੀਰ ਕੌਰ | ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਪਟਿਆਲਾ |
| 24 | ਸ਼੍ਰੀ ਪਵਨ ਕੁਮਾਰ | ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਪਠਾਨਕੋਟ |
| 25 | ਸ਼੍ਰੀ ਹਰਪ੍ਰੀਤ ਇੰਦਰ ਸਿੰਘ | ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਰੋਪੜ |
| 26 | ਸ਼੍ਰੀਮਤੀ ਪਰਮਜੀਤ ਕੌਰ | ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਸੰਗਰੂਰ |
| 27 | ਸ਼੍ਰੀ ਵਿਨੋਦ ਕੁਮਾਰ | ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਐਸ.ਏ.ਐਸ ਨਗਰ |
| 28 | ਸ਼੍ਰੀਮਤੀ ਦਰਸਨਾਂ ਕੁਮਾਰੀ ਮਾਹੀਆ | ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਤਰਨਤਾਰਨ |
| 29 | ਸ਼੍ਰੀਮਤੀ ਸੁਨੀਤਾ ਕਿਰਨ | ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਅੰਮ੍ਰਿਤਸਰ |
| 30 | ਸ਼੍ਰੀ ਮੇਵਾ ਸਿੰਘ ਸਿੱਧੂ | ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਬਰਨਾਲਾ |
| 31 | ਸ਼੍ਰੀਮਤੀ ਹਰਕਮਲਜੀਤ ਕੌਰ | ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਬਠਿੰਡਾ |
| 32 | ਸ਼੍ਰੀ ਪਰਮਿੰਦਰ ਸਿੰਘ ਬਰਾੜ | ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਫਰੀਦਕੋਟ |
| 33 | ਸ਼੍ਰੀ ਅਮਰਿਤਪਾਲ ਸਿੰਘ | ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਫਿਰੋਜਪੁਰ |
| 34 | ਸ਼੍ਰੀ ਨਵਤੇਜ ਇੰਦਰ ਕੁਮਾਰ | ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਫਤਿਹਗੜ੍ਹ ਸਾਹਿਬ |
| 35 | ਸ਼੍ਰੀ ਸੰਦੀਪ ਧੂਰੀਆ | ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਫਾਜਿਲਕਾ |
| 36 | ਸ਼੍ਰੀਮਤੀ ਜੋਗਿੰਦਰ ਕੌਰ | ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਗੁਰਦਾਸਪੁਰ |
| 37 | ਸ਼੍ਰੀ ਰਾਮਪਾਲ ਸਿੰਘ | ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਹੁਸ਼ਿਆਰਪੁਰ |
| 38 | ਸ਼੍ਰੀ ਕੁਲਦੀਪ ਕੁਮਾਰ | ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਜਲੰਧਰ |
| 39 | ਸ਼੍ਰੀਮਤੀ ਬਲਵੀਰ ਕੌਰ | ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਕਪੂਰਥਲਾ |
| 40 | ਸ਼੍ਰੀ ਰਣਜੀਤ ਸਿੰਘ | ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਲੁਧਿਆਣਾ |
| 41 | ਸ਼੍ਰੀਮਤੀ ਭੁਪਿੰਦਰ ਕੌਰ ਸੰਧੂ | ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਮੋਗਾ |
| 42 | ਸ਼੍ਰੀ ਰਜਿੰਦਰ ਪਾਲ ਮਿੱਤਲ | ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਮਾਨਸਾ |
| 43 | ਸ਼੍ਰੀ ਦਵਿੰਦਰ ਕੁਮਾਰ | ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਮੁਕਤਸਰ |
| 44 | ਸ਼੍ਰੀ ਅਮਰੀਕ ਸਿੰਘ | ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਐਸ.ਬੀ.ਐਸ ਨਗਰ |

| | | |
|---|---|---|
| 45 | ਸ੍ਰੀਮਤੀ ਜਸਵਿੰਦਰ ਕੌਰ | ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਪਟਿਆਲਾ |
| 46 | ਸ੍ਰੀ ਦੀਦਾਰ ਸਿੰਘ | ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਪਠਾਨਕੋਟ |
| 47 | | ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਰੋਪੜ |
| 48 | ਸ੍ਰੀ ਨਿਰਮਲ ਸਿੰਘ ਸੋਹੀ | ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਸੰਗਰੂਰ |
| 49 | ਸ੍ਰੀ ਜਸਵਿੰਦਰ ਸਿੰਘ ਨਈਅਰ | ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਐਸ.ਏ.ਐਸ ਨਗਰ |
| 50 | ਸ੍ਰੀ ਸਿੰਦਰ ਸਿੰਘ | ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਤਰਨਤਾਰਨ |
| 51 | ਸ੍ਰੀ ਸੁਰਿੰਦਰ ਪਾਲ ਸਿੰਘ | ਡਿ.ਐਸ.ਪੀ.ਡੀ |
| 52 | ਸ੍ਰੀ ਰਾਜੀਵ ਸਰਮਾਂ | ਡਿ.ਐਸ.ਪੀ.ਡੀ |
| 53 | ਸ੍ਰੀ ਕਰਮਜੀਤ ਸਿੰਘ | ਡਿਪਟੀ ਡਾਇਰੈਕਟਰ |
| 54 | ਸ੍ਰੀਮਤੀ ਨਿਰਮਲ | ਏ.ਐਸ.ਪੀ.ਡੀ. ਮੈਥ |
| 55 | ਸ੍ਰੀ ਅਨੁਰਾਗ ਥਰੇਜਾ | ਏ.ਸੀ.ਐਫ.ਏ |
| 56 | ਡਾ ਦਵਿੰਦਰ ਸਿੰਘ | ਏ.ਐਸ.ਪੀ.ਡੀ |
| 57 | ਸ੍ਰੀ ਜਸਵਿੰਦਰ ਸਿੰਘ | ਏ.ਐਸ.ਪੀ.ਡੀ |
| 58 | ਸ੍ਰੀ ਅਮਰਜੀਤ ਸਿੰਘ | ਏ.ਐਸ.ਪੀ.ਡੀ |
| 59 | ਸ੍ਰੀ ਮਨੋਜ ਕੁਮਾਰ | ਏ.ਐਸ.ਪੀ.ਡੀ |
| 60 | ਸ੍ਰੀ ਤਰਸੇਮ ਲਾਲ | ਏ.ਐਸ.ਪੀ.ਡੀ |
| 61 | ਸ੍ਰੀ ਬਲਵਿੰਦਰ ਸਿੰਘ | ਏ.ਐਸ.ਪੀ.ਡੀ |
| 62 | ਸ੍ਰੀ ਸੱਤਪਾਲ | ਸੁਪਰਡੈਂਟ, ਬਰਨਾਲਾ |
| 63 | ਸ੍ਰੀ ਰਾਜਵੀਰ | ਡੀ.ਐਮ , ਐਮ ਆਈ ਐਸ |
| 64 | ਸ੍ਰੀ ਗੁਰਪ੍ਰੀਤ ਸਿੰਘ | ਡੀ.ਐਮ , ਲੀਗਲ |
| 65 | ਜੈਸਮੀਨ ਕੌਰ | ਏ.ਐਮ (ਮਿਡ ਡੇ ਮੀਲ) |
| 66 | ਸ੍ਰੀ ਮੁਨੀਸ ਕੁਮਾਰ | ਐਲ.ਏ |
| 67 | ਸ੍ਰੀ ਪਰਦੀਪ ਸਿੰਘ | ਏ.ਐਮ (ਇੰਸ਼ਪੈਕਸ਼ਨ) |
| 68 | ਸ੍ਰੀ ਸੁਖਜਿੰਦਰ ਸਿੰਘ | ਏ.ਐਮ |
| 69 | ਸ੍ਰੀ ਵਿੱਕੀ | ਅਸ਼ਿਸਟੈਂਟ ਏ.ਐਸ.ਪੀ.ਡੀ. ਮੈਥ |
| 70 | ਸ੍ਰੀ ਸਤਵੰਤ ਸਿੰਘ | ਅਸ਼ਿਸਟੈਂਟ ਏ.ਐਸ.ਪੀ.ਡੀ. ਮੀਡੀਆ |